BRAMPTON Flower City
brampton.ca

fact sheet

# ਸਿਟੀ ਆਫ ਬ੍ਰੈਂਪਟਨ ਦੇ ਬਰਫ਼ ਸਾਫ ਕਰਨ ਦੇ ਓਪਰੇਸ਼ਨ

## ਇਸ ਬਾਰੇ ਜਾਣਕਾਰੀ ਕਿ ਜਦੋਂ ਬਰਫ਼ ਪੈਂਦੀ ਹੈ ਤਾਂ ਸਿਟੀ ਕੀ ਕਰਦੀ ਹੈ:

- ✓ **ਸਭ ਤੋਂ ਪਹਿਲਾਂ, ਸਿਟੀ ਦਾ ਅਮਲਾ ਮੁੱਖ ਰਾਹ ਵਾਲੀਆਂ (ਆਰਟੀਰੀਅਲ) ਅਤੇ ਟ੍ਰੈਫਿਕ ਨੂੰ ਮਿਲਾਉਣ ਵਾਲੀਆਂ (ਕਲੈਕਟਰ) ਸੜਕਾਂ ਤੇ ਨਮਕ ਵਿਛਾਉਂਦਾ ਹੈ ਅਤੇ ਮਸ਼ੀਨ ਨਾਲ ਬਰਫ਼ ਹਟਾਉਂਦਾ ਹੈ।** ਇਹ ਉਹ ਮੁੱਖ ਸੜਕਾਂ ਹਨ, ਜਿਹਨਾਂ ਤੇ ਟ੍ਰੈਫਿਕ ਬਹੁਤ ਜ਼ਿਆਦਾ ਹੁੰਦਾ ਹੈ, ਬ੍ਰੈਂਪਟਨ ਟ੍ਰਾਂਜ਼ਿਟ/ਜ਼ੂਮ ਬੱਸ ਰੂਟ ਤੇ ਹਨ, ਜਾਂ ਉਹਨਾਂ ਤੇ ਪੀਲ ਦਾ ਵੱਖਰਾ ਸਕੂਲ ਜਾਂ ਪਬਲਿਕ ਸਕੂਲ ਹੈ।
- ✓ **ਜਦੋਂ ਮੁੱਖ ਰਾਹ ਵਾਲੀਆਂ ਅਤੇ ਟ੍ਰੈਫਿਕ ਨੂੰ ਮਿਲਾਉਣ ਵਾਲੀਆਂ ਸੜਕਾਂ ਨੂੰ ਸਾਫ਼ ਕਰ ਦਿੱਤਾ ਜਾਂਦਾ ਹੈ, ਤਾਂ ਅਮਲਾ ਸਥਾਨਕ ਸਟ੍ਰੀਟਸ ਤੇ ਨਮਕ ਵਿਛਾਉਣਾ ਸ਼ੁਰੂ ਕਰਦਾ ਹੈ।** ਇਹ ਤੁਹਾਡੇ ਆਸਪਾਸ ਦੀਆਂ ਸਟ੍ਰੀਟਸ ਹਨ। ਸਥਾਨਕ ਸਟ੍ਰੀਟਸ ਨੂੰ:
  - ਉਹਨਾਂ ਤੇ ਸਿਰਫ਼ ਤਦ ਹੀ ਬਰਫ਼ ਹਟਾਉਣ ਦੀ ਮਸ਼ੀਨ ਚਲਾਈ ਜਾਂਦੀ ਹੈ, ਜਦੋਂ ਕਿਸੇ ਸਿੰਗਲ ਤੂਫ਼ਾਨ ਵਿੱਚ ਘੱਟੋ-ਘੱਟ 5 ਸੈਂ.ਮੀ. (2 ਇੰਚ) ਬਰਫ਼ ਪਈ ਹੋਵੇ।
  - ਮੁੱਖ ਸੜਕਾਂ ਵਾਂਗ ਉਹਨਾਂ ਤੇ ਨੰਗੀ ਸਖਤ ਸਤ੍ਹਾ ਤੇ ਮਸ਼ੀਨ ਨਹੀਂ ਚਲਾਈ ਜਾਂਦੀ। ਜ਼ਮੀਨ ਉੱਤੇ ਥੋੜ੍ਹੀ-ਬਹੁਤ ਬਰਫ਼ ਹੋਣਾ ਆਮ ਗੱਲ ਹੈ, ਭਾਵੇਂ ਸਟ੍ਰੀਟ ਤੇ ਮਸ਼ੀਨ ਚਲਾਈ ਗਈ ਹੋਵੇ।

- ✓ **ਅਮਲਾ ਉਹਨਾਂ ਪਾਰਕਾਂ ਵਿੱਚ ਰੇਕ੍ਰੀਏਸ਼ਨ ਟ੍ਰੇਲਾਂ ਅਤੇ ਉਹਨਾਂ ਪਗਡੰਡੀਆਂ ਤੇ ਬਰਫ਼ ਹਟਾਉਣ ਦੀ ਮਸ਼ੀਨ ਚਲਾਉਂਦਾ ਹੈ ਅਤੇ ਰੇਤਾ ਵਿਛਾਉਂਦਾ ਹੈ, ਜੋ**:
  - ਕਿਸੇ ਮੁੱਖ ਰਾਹ ਵਾਲੀ ਸੜਕ ਤੇ ਹਨ
  - ਬ੍ਰੈਂਪਟਨ ਟ੍ਰਾਂਜ਼ਿਟ/ਜ਼ੂਮ ਬੱਸ ਰੂਟ ਤੇ ਹਨ
  - ਸਿਟੀ ਪਾਰਕ ਜਾਂ ਫੈਸਿਲਿਟੀ ਦੇ ਸਾਹਮਣੇ ਹਨ
  - ਤੁਹਾਡੇ ਪਿਛਲੇ ਵਿਹੜੇ ਦੀ ਚਾਰਦੀਵਾਰੀ ਦੇ ਪਿੱਛੇ ਹਨ
  - ਪਗਡੰਡੀ ਦੇ ਕਿਨਾਰੇ (ਪਗਡੰਡੀ ਅਤੇ ਸੜਕ ਵਿਚਕਾਰ ਕੋਈ ਘਾਹ ਵਾਲੇ ਬੁਲੇਵਾਰਡ ਨਹੀਂ)

ਹੋਰ ਸਾਰੀਆਂ ਪਗਡੰਡੀਆਂ ਦੀ ਜ਼ਿੰਮੇਵਾਰੀ ਪ੍ਰਾਪਰਟੀ ਦੇ ਮਾਲਕ ਦੀ ਹੁੰਦੀ ਹੈ

ਅਮਲੇ ਦਾ ਉਦੇਸ਼ ਬਰਫ਼ ਪੈਣੀ ਬੰਦ ਹੋਣ ਤੋਂ ਬਾਅਦ, 24 ਘੰਟਿਆਂ ਦੇ ਅੰਦਰ ਸਾਰੀਆਂ ਸੜਕਾਂ, ਪਗਡੰਡੀਆਂ ਅਤੇ ਟ੍ਰੇਲਾਂ ਨੂੰ ਸਾਫ਼ ਕਰਨਾ ਹੁੰਦਾ ਹੈ। ਜੇਕਰ ਮੌਸਮ ਸਬੰਧੀ ਸਥਿਤੀਆਂ ਤੀਬਰ ਹੋਣ ਤਾਂ ਇਸ ਵਿੱਚ ਵੱਧ ਸਮਾਂ ਵੀ ਲੱਗ ਸਕਦਾ ਹੈ।

## ਇੱਕ ਨਿਵਾਸੀ ਹੋਣ ਦੇ ਤੌਰ ਤੇ, ਤੁਸੀਂ ਇੰਜ ਤਬਦੀਲੀ ਲਿਆ ਸਕਦੇ ਹੋ:

- ✓ ਬਰਫ਼ ਪੈਣ ਤੋਂ ਬਾਅਦ ਅਗਲੇ ਦਿਨ ਸਵੇਰੇ 11 ਵਜੇ ਤੱਕ ਆਪਣੇ ਘਰ ਦੇ ਸਾਹਮਣੇ ਅਤੇ ਕਿਨਾਰੇ ਦੀ ਪਗਡੰਡੀ ਨੂੰ ਸਾਫ਼ ਕਰੋ।
- ✓ ਆਪਣੀ ਪ੍ਰਾਪਰਟੀ ਤੋਂ ਬਰਫ਼ ਹਟਾ ਕੇ ਸੜਕ ਜਾਂ ਪਗਡੰਡੀ ਤੇ ਨਾ ਸੁੱਟੋ।
- ✓ ਕੂੜਾ-ਕਰਕਟ ਇਕੱਠਾ ਕਰਨ ਵਾਲੇ ਦਿਨ, ਆਪਣੇ ਡ੍ਰਾਈਵਵੇ ਦੇ ਹੇਠਾਂ ਕਿਨਾਰੇ ਦੇ ਬਿਲਕੁੱਲ ਪਿੱਛੇ ਬੁਲੇਵਾਰਡ ਤੇ ਆਪਣੇ ਕਾਰਟਾਂ ਲਈ ਜਗ੍ਹਾ ਛੱਡੋ। ਉਹਨਾਂ ਨੂੰ ਪਗਡੰਡੀ ਜਾਂ ਸੜਕ ਤੇ ਨਾ ਰੱਖੋ।
- ✓ ਜਦੋਂ ਬਰਫ਼ ਪੈ ਰਹੀ ਹੋਵੇ, ਤਾਂ ਸਟ੍ਰੀਟ ਵਿੱਚ ਗੱਡੀ ਪਾਰਕ ਨਾ ਕਰੋ, ਜਦੋਂ ਤੱਕ ਇਸਤੇ ਨਮਕ ਨਾ ਵਿਛਾਇਆ ਜਾਵੇ ਜਾਂ ਮਸ਼ੀਨ ਨਾਲ ਬਰਫ਼ ਨਾ ਹਟਾਈ ਜਾਵੇ। ਜਦੋਂ ਕਿਸੇ ਸਟ੍ਰੀਟ ਤੇ ਕਾਰਾਂ ਪਾਰਕ ਕੀਤੀਆਂ ਹੁੰਦੀਆਂ ਹਨ ਤਾਂ ਅਮਲਾ ਸਹੀ ਢੰਗ ਨਾਲ ਸਟ੍ਰੀਟ ਦੀ ਦੇਖਭਾਲ ਨਹੀਂ ਕਰ ਸਕਦਾ।

## ਜੁੜੇ ਰਹੋ!

- ✓ ਬਰਫ਼ ਹਟਾਉਣ ਬਾਰੇ 24/7 ਅੱਪਡੇਟਾਂ ਸਮੇਤ, ਸਰਦੀ ਸਬੰਧੀ ਜਾਣਕਾਰੀ ਲਈ, www.brampton.ca/snow ਤੇ ਜਾਓ।
- ✓ ਇਹ ਦੇਖਣ ਲਈ ਕਿ ਬਰਫ਼ ਹਟਾਉਣ ਦੇ ਕੰਮ ਕਿੱਥੇ ਹੋ ਰਹੇ ਹਨ, ਬ੍ਰੈਂਪਟਨ ਪਲੋ ਟ੍ਰੈਕਰ (Brampton Plow Tracker) ਦੀ ਵਰਤੋਂ ਕਰੋ
- ✓ Twitter @CityBrampton ਤੇ ਫਾਲੋ ਕਰੋ ਅਤੇ Facebook ਤੇ City of Brampton ਨੂੰ ਲਾਈਕ ਕਰੋ